# ਪੰਜਾਬੀ ਯੂਨੀਵਰਸਿਟੀ,ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

<u>ਪ੍ਰੀਖਿਆ ਸ਼ਾਖਾ</u>

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਵਿਦਿਆਰਥੀਆਂ ਲਈ ਇਕ ਸੁਨਹਿਰੀ ਮੌਕਾ ਦਿੱਤਾ ਗਿਆ ਹੈ । ਜਿਹੜੇ ਵੀ ਵਿਦਿਆਰਥੀ ਯੂਨੀਵਰਸਿਟੀ ਵਿਖੇ ਕੋਈ ਵੀ ਕੋਰਸ ਪਾਸ ਨਹੀਂ ਕਰ ਸਕੇ ਜਾਂ ਇੰਮਪਰੂਵਮੈਂਟ ਕਰਨਾ ਚਾਹੁੰਦੇ ਹਨ। ਉਹ ਮਿਤੀ 28.03.2018 ਤੱਕ 35,000/-ਰੁ. ਵਿਸ਼ੇਸ਼ ਫ਼ੀਸ + ਪ੍ਰੀਖਿਆ ਫੀਸ (ਪ੍ਰੀਖਿਆ ਫਾਰਮ ਜਾਂ ਪ੍ਰੀਖਿਆ ਫਾਰਮ ਦੀ ਫੋਟੋਕਾਪੀ/ ਡਾਊਨਲੋਡ ਕੀਤੇ ਪ੍ਰੀਖਿਆ ਫਾਰਮ ਦੀ ਕੀਮਤ 120/- ਰੁਪਏ ਪ੍ਰੀਖਿਆ ਫੀਸ ਨਾਲ ਭਰਕੇ ਕੋਰਸ ਦੇ ਰਹਿੰਦੇ ਰੀ-ਅਪੀਅਰ ਪਰਚੇ/ ਇੰਮਪਰੂਵਮੈਂਟ ਲਈ ਪ੍ਰੀਖਿਆ ਦੇ ਸਕਦੇ ਹਨ) **ਯੂਨੀਵਰਸਿਟੀ ਨਿਯਮਾਂ ਅਨੁਸਾਰ**।ਪ੍ਰੀਖਿਆ ਦੇਣ ਲਈ ਵੇਰਵਾ ਹੇਠ ਲਿਖੇ ਅਨੁਸਾਰ ਹੋਵੇਗਾ :

| | | |
|---|---|---|
| ੳ) ਪ੍ਰੀਖਿਆ ਕੇਂਦਰ | - | ਕੇਵਲ ਜਿਲ੍ਹਾਂ (District) ਹੈਡ ਕੁਆਰਟਰ ਹੀ ਹੋਣਗੇ |
| ਅ) ਸਿਲੇਬਸ (ਸਾਲਾਨਾ ਲਈ) | - | ਸਾਲਾਨਾ ਪ੍ਰੀਖਿਆਵਾਂ ਦੀਆਂ ਅੰਤਿਮ ਪ੍ਰੀਖਿਆਵਾਂ ਵਾਲਾ ਹੀ ਹੋਵੇਗਾ |
| (ਸਮੈਸਟਰ ਲਈ) | - | ਮੌਜੂਦਾ ਸਮੈਸਟਰ ਪ੍ਰੀਖਿਆ ਅਨੁਸਾਰ ਹੋਵੇਗਾ |
| ੲ) ਪ੍ਰੀਖਿਆਵਾਂ ਸਮੈਸਟਰ ਲਈ | - | ਈਵਨ ਅਤੇ ਔਡ ਪ੍ਰੀਖਿਆਵਾਂ ਇਕੋ ਵਾਰ ਕਰਵਾਈਆਂ ਜਾਣਗੀਆਂ। |

**ਨੋਟ :** ਇਹ ਪ੍ਰੀਖਿਆ ਕੇਵਲ ਉਹ ਵਿਦਿਆਰਥੀ ਦੇਣ ਦੇ ਯੋਗ ਹੋਣਗੇ ਜਿਨ੍ਹਾਂ ਦੇ ਸਾਰੇ ਵਿਸ਼ੇਸ਼ ਮੌਕੇ ਅਤੇ ਸਮਾਂ ਸੀਮਾ ਖਤਮ ਹੋ ਗਈ ਹੈ। ਫਾਰਮ ਅਤੇ ਸਿਲੇਬਸ ਯੂਨੀਵਰਸਿਟੀ ਵੈਬਸਾਇਟ <u>www.punjabiuniversity.ac.in</u> ਤੋ ਡਾਊਨਲੋਡ ਕੀਤੇ ਜਾ ਸਕਦੇ ਹਨ। ਇਸ ਸਬੰਧੀ ਕੋਈ ਵੀ ਹੋਰ ਜਾਣਕਾਰੀ ਲਈ ਈ.ਮੇਲ **goldenchance2018@pbi.ac.in** ਕਰੋ ਜੀ।

ਯੂਨਵੀਰਸਿਟੀ ਵੱਲੋਂ ਜੋ ਵਿਦਿਆਰਥੀ ਕੋਰਸ ਪਾਸ ਕਰ ਗਏ ਹਨ ਪਰ ਯੂ.ਜੀ.ਸੀ. ਦੇ ਦਿਸ਼ਾ-ਨਿਰਦੇਸ਼ ਅਨੁਸਾਰ ਵਾਤਾਵਰਣ (Environmental and Road Safety Awareness) ਦਾ ਵਿਸ਼ਾ ਪਾਸ ਕਰਨਾ ਜ਼ਰੂਰੀ ਹੈ, ਅਜੇ ਤਕ ਨਹੀਂ ਕਰ ਸਕੇ। ਉਨ੍ਹਾਂ ਨੂੰ ਵੀ ਇਹ ਯੋਗਤਾ ਪਰਚਾ ਪਾਸ ਕਰਨ ਲਈ ਪ੍ਰੀਖਿਆ ਫ਼ੀਸ + 1000/-ਰੁ. ਵਿਸ਼ੇਸ਼ ਫ਼ੀਸ ਨਾਲ ਪਾਸ ਕਰਨ ਦਾ ਮੌਕਾ ਦਿੱਤਾ ਹੈ। (ਪ੍ਰੀਖਿਆ ਫਾਰਮ ਜਾਂ ਪ੍ਰੀਖਿਆ ਫਾਰਮ ਦੀ ਫੋਟੋਕਾਪੀ/ ਡਾਊਨਲੋਡ ਕੀਤੇ ਪ੍ਰੀਖਿਆ ਫਾਰਮ ਦੀ ਕੀਮਤ 120/- ਰੁਪਏ ਪ੍ਰੀਖਿਆ ਫੀਸ ਨਾਲ ਭਰਕੇ ਮਿਤੀ 28.03.2018 ਤੱਕ ਜਮ੍ਹਾਂ ਕਰਵਾਈ ਜਾ ਸਕਦੀ ਹੈ।) ਵਾਤਾਵਰਣ ਪੇਪਰ ਪਾਸ ਕਰਨ ਉਪਰੰਤ ਵਿਦਿਆਰਥੀਆਂ ਨੂੰ ਡਿਗਰੀ ਜਾਰੀ ਹੋ ਸਕੇਗੀ।

27.2.18

ਕੰਟਰੋਲਰ(ਪ੍ਰੀਖਿਆਵਾਂ)

## (ਮੀਟਿੰਗਜ਼ ਸ਼ਾਖਾ)

### ਐਮ.ਏ. ਅਤੇ ਐਮ.ਐਸ.ਸੀ. ਦੇ ਸਿਲੇਬਸਾਂ ਬਾਰੇ ਜਾਣਕਾਰੀ:

1. ਯੂਨੀਵਰਸਿਟੀ ਵਿਖੇ ਐਮ.ਏ.ਅਤੇ ਐਮ.ਐਸ.ਸੀ. ਵਿਚ ਸਮੈਸਟਰ ਪ੍ਰਣਾਲੀ ਅਧੀਨ ਸਿਲੇਬਸ 2003-2004 ਸ਼ੈਸ਼ਨ ਤੋ ਯੂਨੀਵਰਸਿਟੀ ਕੈਪਸ ਵਿਖੇ ਲਾਗੂ ਕੀਤੇ ਗਏ।

2. ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਐਮ.ਏ. ਦਾ ਸਿਲੇਬਸ ਸਮੈਸਟਰ ਪ੍ਰਣਾਲੀ ਅਧੀਨ 2014-15 ਸ਼ੈਸ਼ਨ ਤੋ ਰੂਸਾ ਸਕੀਮ ਅਧੀਨ ਲਾਗੂ ਕੀਤਾ ਗਿਆ।

3. ਯੂਨੀਵਰਸਿਟੀ ਡਿਸਟੈਸ ਐਜੂਕੇਸ਼ਨ ਅਤੇ ਪ੍ਰਾਈਵੇਟ ਵਿਦਿਆਰਥੀਆਂ ਲਈ ਐਮ.ਏ. ਦਾ ਸਿਲੇਬਸ ਸਮੈਸਟਰ ਪ੍ਰਣਾਲੀ ਅਧੀਨ 2015-16 ਤੋ ਲਾਗੂ ਕੀਤਾ ਗਿਆ। ਇਸ ਤਰ੍ਹਾਂ ਐਮ.ਏ. ਭਾਗ ਪਹਿਲਾ ਦਾ ਸਿਲੇਬਸ ਸਲਾਨਾ ਪ੍ਰਣਾਲੀ ਅਧੀਨ ਅਪ੍ਰੈਲ 2015 ਅਤੇ ਐਮ.ਏ. ਭਾਗ ਦੂਜਾ ਦਾ ਸਿਲੇਬਸ ਸਲਾਨਾ ਪ੍ਰਣਾਲੀ ਅਧੀਨ ਅਪ੍ਰੈਲ 2016 ਤਕ ਲਾਗੂ ਰਿਹਾ ਹੈ।

### ਬੀ.ਏ., ਬੀ.ਐਸ.ਸੀ.ਬ੍ਰੀ.ਕਾਮ ਦੇ ਸਿਲੇਬਸਾਂ ਬਾਰੇ ਜਾਣਕਾਰੀ:

1. ਬੀ..ਐਸ.ਸੀ. ਅਤੇ ਬੀ.ਕਾਮ ਵਿਚ ਸਮੈਸਟਰ ਪ੍ਰਣਾਲੀ ਅਧੀਨ ਸਿਲੇਬਸ 2011-12 ਸ਼ੈਸ਼ਨ ਤੋ ਕਾਲਜਿਜ਼ ਵਿਚ ਲਾਗੂ ਕੀਤੇ ਗਏ।

2. ਬੀ.ਏ. ਵਿਚ ਸਮੈਸਟਰ ਪ੍ਰਣਾਲੀ ਅਧੀਨ ਸਿਲੇਬਸ 2013-14 ਤੋ ਸਿਰਫ਼ 11 ਕਾਂਸੀਟੀਚਿਊਟ ਕਾਲਜਾਂ ਵਿਚ ਲਾਗੂ ਕੀਤਾ ਗਿਆ।

3. ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਬੀ.ਏ. ਦਾ ਸਿਲੇਬਸ ਸਮੈਸਟਰ ਪ੍ਰਣਾਲੀ ਅਧੀਨ 2014-15 ਸ਼ੈਸ਼ਨ ਤੋ ਰੂਸਾ ਸਕੀਮ ਅਧੀਨ ਲਾਗੂ ਕੀਤਾ ਗਿਆ।

4. ਯੂਨੀਵਰਸਿਟੀ ਡਿਸਟੈਸ ਐਜੂਕੇਸ਼ਨ ਅਤੇ ਪ੍ਰਾਈਵੇਟ ਵਿਦਿਆਰਥੀਆਂ ਲਈ ਬੀ.ਏ. ਦਾ ਸਿਲੇਬਸ ਸਮੈਸਟਰ ਪ੍ਰਣਾਲੀ ਅਧੀਨ 2015-16 ਤੋ ਲਾਗੂ ਕੀਤਾ ਗਿਆ। ਇਸ ਤਰ੍ਹਾਂ ਬੀ.ਏ. ਭਾਗ ਪਹਿਲਾ ਦਾ ਸਿਲੇਬਸ ਸਲਾਨਾ ਪ੍ਰਣਾਲੀ ਅਧੀਨ ਅਪ੍ਰੈਲ 2015, ਬੀ..ਏ. ਭਾਗ ਦੂਜਾ ਦਾ ਸਿਲੇਬਸ ਸਲਾਨਾ ਪ੍ਰਣਾਲੀ ਅਧੀਨ ਅਪ੍ਰੈਲ 2016 ਤਕ ਅਤੇ ਬੀ.ਏ. ਭਾਗ ਤੀਜਾ ਦਾ ਸਿਲੇਬਸ ਸਲਾਨਾ ਪ੍ਰਣਾਲੀ ਅਧੀਨ ਅਪ੍ਰੈਲ 2017 ਤਕ ਲਾਗੂ ਰਿਹਾ ਹੈ।

**ਨੋਟ:**

(ੳ) ਸਮੈਸਟਰ ਪ੍ਰਣਾਲੀ ਅਧੀਨ ਆਉਣ ਵਾਲੇ ਵਿਦਿਆਰਥੀਆਂ ਲਈ ਲੇਟੈਸਟ ਸਿਲੇਬਸ ਅਨੁਸਾਰ ਪ੍ਰੀਖਿਆ ਕਰਵਾਈ ਜਾਵੇਗੀ।

(ਅ) ਸਲਾਨਾ ਪ੍ਰਣਾਲੀ ਅਧੀਨ ਆਉਣ ਵਾਲੇ ਵਿਦਿਆਰਥੀਆਂ ਲਈ ਐਮ.ਏ. ਦਾ ਸਿਲੇਬਸ ਕ੍ਰਮਾਂਕ 3 ਅਤੇ ਬੀ.ਏ. ਦਾ ਸਿਲੇਬਸ ਕ੍ਰਮਾਂਕ 4 ਅਨੁਸਾਰ ਪ੍ਰੀਖਿਆ ਕਰਵਾਈ ਜਾਵੇਗੀ।

(ੲ) ਜੇਕਰ ਕਿਸੇ ਪੁਰਾਣੇ ਵਿਦਿਆਰਥੀ ਵਲੋ ਉਹ ਵਿਸ਼ਾ/ਪਰਚਾ ਭਰਿਆ ਗਿਆ ਜਿਸ ਦਾ ਨਾਮਨਕਲੇਚਰ ਹੁਣ ਵਾਲੇ ਪੇਪਰਾਂ ਨਾਲ ਮੇਲ ਨਹੀ ਖਾਂਦਾ ਉਸ ਹਾਲਤ ਵਿਚ ਉਸ ਦੀ ਪ੍ਰੀਖਿਆ ਪੁਰਾਣੇ ਸਿਲੇਬਸ ਨਾਲ ਕਰਵਾਈ ਜਾਵੇਗੀ ਜੋਕਿ ਉਸ ਨੇ ਉਸ ਸਮੇ ਪੜ੍ਹਿਆ ਹੋਵੇਗਾ।

(ਸ) ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨੀਤੀ ਫੈਸਲੇ ਅਨੁਸਾਰ ਅੰਡਰ ਗ੍ਰੈਜੂਏਟ ਕੋਰਸਾਂ ਦਾ ਸਿਲੇਬਸ ਤਿੰਨ ਸਾਲ ਲਈ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦਾ ਸਿਲੇਬਸ ਦੋ ਸਾਲ ਲਈ ਤਿਆਰ ਕੀਤਾ ਜਾਂਦਾ ਹੈ ਜੇਕਰ ਕਿਸੇ ਕਾਰਨ ਇਹ ਸਿਲੇਬਸ ਇਨ੍ਹਾਂ ਸਾਲਾਂ ਵਿਚ ਉਪਲਬਧ ਨਹੀ ਤਾਂ ਪਿਛਲੇ ਸਾਲਾਂ ਵਿਚ ਵੀ ਵੇਖਿਆ ਜਾ ਸਕਦਾ ਹੈ।

5/3/18 5/3/18